ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਦਫਤਰ: ਉਪ ਮੁੱਖ ਇੰਜੀਨੀਅਰ / ਪੀ ਤੇ ਐਮ ਹਲਕਾ,
132 ਕੇਵੀ ਸਬ-ਸਟੇਸ਼ਨ ਜੀ.ਟੀ.ਰੋਡ ਅੰਮ੍ਰਿਤਸਰ-143001.।
**Ph. 0183-2702562 Fax. 0183-2702562**
**e.mail :se-pm-asr@pstcl.org**

pstcl
PUNJAB STATE TRANSMISSION CORPORATION LIMITED

607 10/6/15

ਦਫਤਰੀ ਹੁਕਮ ਨੰ: 74 **EP - 633** ਮਿਤੀ: 4-6-15

ਜਿਵੇਂਕਿ ਸ੍ਰੀ ਯਸ਼ਕੀਰਤ ਭਾਰਦਵਾਜ,ਹੇਠਲੀ ਸ੍ਰੈਣੀ ਕਲਰਕ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ (ਜਨਮ ਮਿਤੀ: 15-10-1980) ਜਦੋਂ ਇਹ ਪੀ ਤੇ ਐਮ ਮੰਡਲ ਬੁਟਾਰੀ ਵਿਖੇ ਤੈਨਾਤ ਸੀ ਤਾਂ ਉਸ ਨੇ ਮਿਤੀ: 03-05-2010 ਤੋਂ 07-05-2010 ਤੱਕ ਅਚਨਚੇਤ ਛੁੱਟੀ ਬਿਨਾਂ ਕਿਸੇ ਅਗਾਊਂ ਸੂਚਨਾਂ ਦੇ ਬੁਟਾਰੀ ਮੰਡਲ ਨੂੰ ਭੇਜੀ ਜਦੋਂ ਕਿ ਉਸ ਦੇ ਖਾਤੇ ਵਿੱਚ ਸਿਰਫ 3 ਨੰਬਰ ਅਚਨਚੇਤ ਛੁੱਟੀਆ ਹੀ ਬਕਾਇਆ ਸਨ। ਇਸ ਉਪਰੰਤ ਉਹ ਦਫਤਰ ਨੂੰ ਬਿਨਾਂ ਕੋਈ ਹੋਰ ਸੂਚਨਾਂ ਦਿੱਤੇ ਡਿਊਟੀ ਤੋਂ ਗੈਰ ਹਾਜਰ ਰਿਹਾ। ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਲਈ ਪੀ ਤੇ ਐਮ ਮੰਡਲ ਬੁਟਾਰੀ ਵਲੋਂ ਪੱਤਰ ਨੰ: 107 ਮਿਤੀ: 11-05-2010 , ਪੱਤਰ ਨੰ: 162 ਮਿਤੀ: 28-05-2010 ਅਤੇ ਪੱਤਰ ਨੰ: 216 ਮਿਤੀ: 24-06-2010 ਲਿਖੇ ਗਏ ।

ਕਰਮਚਾਰੀ ਵਲੋਂ ਇੰਨਾਂ ਪੱਤਰਾਂ ਦਾ ਕੋਈ ਜੁਆਬ ਨਹੀ ਦਿੱਤਾ ਗਿਆ। ਇਸ ਪ੍ਰਕਾਰ ਉਹ ਆਪਣੀ ਡਿਊਟੀ ਤੋਂ ਮਿਤੀ: 03-05-2010 ਤੋਂ ਗੈਰ ਹਾਜਰ ਚੱਲ ਰਿਹਾ ਹੈ। ਉਪਰੋਕਤ ਅਣਗਹਿਲੀਆਂ / ਕੁਤਾਹੀਆ ਕਾਰਨ ਉਸ ਨੂੰ ਦੋਸ਼ ਸੂਚੀ ਨੰ: 3374 ਮਿਤੀ: 24-08-2010 ਜਾਰੀ ਕੀਤੀ ਗਈ ਜੋ ਕਿ ਉਸ ਨੂੰ ਪੀ ਤੇ ਐਮ ਮੰਡਲ ਬੁਟਾਰੀ ਦੇ ਰਜਿ: ਪੱਤਰ ਨੰ: 442 ਮਿਤੀ: 13-09-2010 ਰਾਹੀ ਭੇਜੀ ਗਈ। ਜੋ ਕਰਮਚਾਰੀ ਨੇ ਪ੍ਰਾਪਤ ਤਾਂ ਕਰ ਲਈ ਪਰ ਪਹੁੰਚ ਰਸੀਦ ਤੇ ਹਸਤਾਖਰ ਨਹੀ ਦਿੱਤੇ ਗਏ। ਪੀ ਤੇ ਐਮ ਮੰਡਲ ਬੁਟਾਰੀ ਵਲੋਂ ਰਜਿਸਟਰਡ ਏ.ਡੀ. ਪੱਤਰ ਨੰ: 606 ਮਿਤੀ: 30-11-2010 ਨਾਲ ਕਰਮਚਾਰੀ ਨੂੰ ਸੱਤ ਦਿਨ ਦਾ ਨੋਟਿਸ ਦਿੰਦੇ ਹੋਏ ਗੈਰ ਹਾਜਰੀ ਸਬੰਧੀ ਆਪਣਾ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ ਜੋ ਕਿ ਅਣ ਵੰਡਿਆ ਹੀ ਦਫਤਰ ਵਿੱਚ ਮਿਤੀ: 09-12-2010 ਨੂੰ ਪ੍ਰਾਪਤ ਹੋਇਆ । ਉਪਰੋਕਤ ਅਨੁਸਾਰ ਕਰਮਚਾਰੀ ਨੇ ਦੋਸ਼ ਸੂਚੀ ਦਾ ਕੋਈ ਵੀ ਜੁਆਬ ਪੇਸ਼ ਨਹੀ ਕੀਤਾ ਹੈ।

ਇਸ ਉਪਰੰਤ ਇਸ ਦਫਤਰ ਦੇ ਦਫਤਰੀ ਹੁਕਮ ਨੰ: 33 ਮਿਤੀ: 25-03-2011 ਨਾਲ ਕਰਮਚਾਰੀ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਪੜਤਾਲ ਲਈ ਸੀਨੀਅਰ ਕਾਰਕਜਾਰੀ ਇੰਜੀਨੀਅਰ / ਟੈਕ ਪੀ ਤੇ ਐਮ ਹਲਕਾ ਅੰਮ੍ਰਿਤਸਰ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ । ਇੰਨਕੁਆਰੀ ਅਫਸਰ ਵਲੋ ਉਸ ਨੂੰ ਹੇਠ ਲਿਖੇ ਅਨੁਸਾਰ ਰਜਿਸਟਰਡ ਪੱਤਰਾਂ ਰਾਹੀ ਇੰਨਕੁਆਰੀ ਅਫਸਰ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ।

| ਮੀਮੋ ਨੰਬਰ | ਮਿਤੀ: |
|---|---|
| 2130 | 18-04-2011 |
| 2267 | 21-04-2011 |
| 3089 | 24-05-2011 |
| 3522 | 14-06-2011 |
| 4007 | 06-07-2011 |

ਪ੍ਰੰਤੂ ਉਹ ਇੰਨਕੁਆਰੀ ਅਫਸਰ ਸਾਹਮਣੇ ਹਾਜਰ ਨਹੀ ਹੋਇਆ। ਇੰਨਕੁਆਰੀ ਅਫਸਰ ਅਨੁਸਾਰ "ਕਰਮਚਾਰੀ ਨੂੰ ਪੇਸ਼ ਹੋਣ ਸਬੰਧੀ ਬਹੁਤ ਮੌਕੇ ਦਿੱਤੇ ਹਨ ,ਪ੍ਰੰਤੂ ਕਰਮਚਾਰੀ ਇੰਨਕੁਆਰੀ ਵਿੱਚ ਪੇਸ ਨਹੀ ਹੋਇਆ। ਅਤੇ ਨਾ ਹੀ ਉਪਰੋਕਤ ਪੱਤਰ ਡਲੀਵਰ ਹੋਏ ਹਨ । ਜਿਸ ਕਾਰਨ ਇਨਕੁਆਰੀ ਅਫਸਰ ਇਹ ਇਨਕੁਆਰੀ ਨੇਪਰੇ ਚਾੜਣ ਵਿੱਚ ਅਸਮੱਰਥ ਹੈ ਅਤੇ ਕਰਮਚਾਰੀ ਸਬੰਧੀ ਅਖਬਾਰਾਂ ਵਿੱਚ ਨੋਟਿਸ ਦੇ ਕੇ ਸੂਚਿਤ ਕੀਤਾ ਜਾਵੇ "

ਇਸ ਦਫਤਰ ਵਲੋਂ ਵੀ ਕਰਮਚਾਰੀ ਨੂੰ ਰਜਿਸਟਰਡ ਪੱਤਰ ਨੰ: 5006 ਮਿਤੀ: 07-08-2012 ਰਾਹੀਂ ਆਪਣਾ ਪੱਖ ਰੱਖਣ ਲਈ ਦਫਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਜੋ ਕਿ ਅਣ ਵੰਡਿਆ ਇਹ ਲਿਖਕੇ ਵਾਪਿਸ ਆ ਗਿਆ "ਇਸ ਨਾਮ ਦਾ ਆਦਮੀ ਬੁਟਾਰੀ ਵਿੱਚ ਨਹੀ ਰਹਿੰਦਾ ਉਹ ਕਿਧਰੇ ਚਲਾ ਗਿਆ ਹੈ ਪਤਾ ਨਹੀ " ਫਿਰ ਉਪਰੋਕਤ ਨੋਟਿਸ ਕਰਮਚਾਰੀ ਨੂੰ 30 ਦਿਨਾ ਦੇ ਅੰਦਰ-ਅੰਦਰ ਪੇਸ਼ ਹੋਣ ਦਾ ਸਮਾ ਦਿੰਦੇ ਹੋਏ ਉਸ ਦੇ ਕੁਆਟਰ ਦੇ ਮੇਨ ਗੇਟ ਤੇ ਪੇਸਟ ਕਰਵਾ ਦਿੱਤਾ ਗਿਆ ਪਰ ਕਰਮਚਾਰੀ ਫਿਰ ਵੀ ਹਾਜਰ ਨਹੀ ਹੋਇਆ ।

ਇਸ ਦਫਤਰ ਦੇ ਮੀਮੋ ਨੰ: 7692 ਮਿਤੀ: 04-12-2012 ਅਤੇ ਪੱਤਰ ਨੰ: 1101 ਮਿਤੀ: 12-02-2013 ਨਾਲ ਇਸ ਸਬੰਧੀ ਅਗਲੀ ਕਾਰਵਾਈ ਕਰਨ ਹਿੱਤ ਹਦਾਇਤਾਂ ਲਈ ਉਪ ਸਕੱਤਰ / ਲੀਗਲ ਪੰ:ਰਾ:ਟ:ਕਾ:ਲਿਮ: ਪਟਿਆਲਾ ਨੂੰ ਲਿਖਿਆ ਗਿਆ। ਡਿਪਟੀ ਸਕੱਤਰ / ਲੀਗਲ ਪੰ:ਰਾ:ਟ:ਕਾ:ਲਿਮ: ਪਟਿਆਲਾ ਵਲੋਂ ਆਪਣੇ ਮੀਮੋ ਨੰਬਰ: 870 ਮਿਤੀ:15-01-2013 ਇੰਪਲਾਈਜ ਸੁਜਾ ਅਤੇ ਅਪੀਲ ਰੈਗੂਲੇਸ਼ਨ - 1971 ਦੇ ਤਹਿਤ ਗੈਰ ਹਾਜਰ ਕਰਮਚਾਰੀ ਵਿਰੁੱਧ ਕਾਰਵਾਈ ਕਰਨ ਦੀ ਸਲਾਹ ਦਿੱਤੀ ਗਈ ।

ਇਸ ਉਪਰੰਤ ਪੀ ਤੇ ਐਮ ਮੰਡਲ ਬੁਟਾਰੀ ਦੇ ਮੀਮੋ ਨੰ: 669/70 ਮਿਤੀ: 05-12-2012 ਨਾਲ ਲੋਕ ਸਪੰਰਕ ਅਫਸਰ ਪੰ:ਰਾ:ਟ:ਕਾ:ਲਿਮ: ਪਟਿਆਲਾ ਨੂੰ ਪਬਲਿਕ ਨੋਟਿਸ ਛਪਵਾਉਣ ਲਈ ਲਿਖਿਆ ਗਿਆ। ਜਿਹੜਾ ਕਿ ਮਿਤੀ: 08-12-2012 ਦੀ ਪੰਜਾਬੀ ਦੀ ਅਜੀਤ ਅਤੇ ਅੰਗਰੇਜੀ ਦੀ ਟ੍ਰਿਬਿਊਨ ਅਖਬਾਰ ਵਿੱਚ ਛਪਿਆ। ਜਿਸ ਵਿੱਚ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਦਫਤਰ ਵਿਖੇ ਹਾਜਰ ਹੋਣ ਸਬੰਧੀ ਹਦਾਇਤ ਦਿੱਤੀ ਗਈ ਪ੍ਰੰਤੂ ਕਰਮਚਾਰੀ ਮਿਥੇ ਸਮੇਂ ਵਿੱਚ ਫਿਰ ਵੀ ਹਾਜਰ ਨਹੀ ਹੋਇਆ। ਇਸ ਦਫਤਰ ਦੇ ਪੱਤਰ ਨੰ: 400 ਮਿਤੀ: 17-01-2014 ਰਾਹੀ ਮੁੱਖ ਇੰਜੀਨੀਅਰ / ਪੀ ਤੇ ਐਮ ਪੰ:ਰਾ:ਟ:ਕਾ:ਲਿਮ: ਲੁਧਿਆਣਾ ਨੂੰ ਵੀ ਇਸ ਕੇਸ ਵਿੱਚ

-- ਚਲਦਾ ਪੰਨਾ - 2--

ਦਿਸ਼ਾ ਨਿਰਦੇਸ ਦੇਣ ਸਬੰਧੀ ਲਿਖਿਆ ਗਿਆ । ਮੁੱਖ ਇੰਜੀਨੀਅਰ / ਪੀ ਤੇ ਐਮ ਪੰ:ਰਾ:ਟ:ਕਾ:ਲਿਮ: ਲੁਧਿਆਣਾ ਦੇ ਮੀਮੋ ਨੰ: 700 ਮਿਤੀ: 27-01-2014 ਰਾਹੀ ਕਰਮਚਾਰੀ ਵਿਰੁੱਧ ਮਹਿਕਮੇ ਦੀਆ ਪ੍ਰਚਾਲਿਤ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਲਿਖਿਆ ਗਿਆ ।

ਇਸ ਉਪਰੰਤ ਸੀਨੀਅਰ ਕਾਰਜਕਾਰੀ ਇੰਜੀਨੀਅਰ / ਟੈਕ, ਪੀ ਤੇ ਐਮ ਹਲਕਾ ਅੰਮ੍ਰਿਤਸਰ ਦੀ ਬਦਲੀ ਹੋ ਜਾਣ ਕਾਰਨ ਇਸ ਦਫਤਰ ਦੇ ਦਫਤਰੀ ਹੁਕਮ ਨੰ: 11 ਮਿਤੀ: 06-02-2014 ਨਾਲ ਉਸ (ਸ੍ਰੀ ਯਸਕੀਰਤ ਭਾਰਦਵਾਜ, ਐਲ.ਡੀ.ਸੀ ) ਵਿਰੁੱਧ ਲਗਾਏ ਗਏ ਦੋਸ਼ਾਂ ਸਬੰਧੀ ਫਾਈਨਲ ਪੜਤਾਲ ਰਿਪੋਰਟ ਦੇਣ ਲਈ ਵਧੀਕ ਨਿਗਰਾਨ ਇੰਜੀਨੀਅਰ / ਪੀ ਤੇ ਐਮ ਮੰਡਲ ਪੱਟੀ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ।

ਪੜਤਾਲੀਆ ਅਫਸਰ ਵਲੋਂ ਹੇਠ ਲਿਖੇ ਰਜਿਸਟਰਡ ਪੱਤਰਾਂ ਨਾਲ ਉਸ ਨੂੰ ਇੰਨਕੁਆਰੀ ਵਿੱਚ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ :-

| ਮੀਮੋ ਨੰਬਰ | ਮਿਤੀ: |
|---|---|
| 105/06 | 18-02-2014 |
| 169/70 | 14-03-2014 |

ਪ੍ਰੰਤੂ ਡਾਕ ਵਿਭਾਗ ਵਲੋਂ ਰਜਿਸਟਰਡ ਪੱਤਰ ਇਹ ਲਿਖ ਕੇ ਅਣ ਵੰਡੇ ਹੀ ਵਾਪਿਸ ਭੇਜ ਦਿੱਤੇ " ਕਿ "ਇਸ ਨਾਮ ਦਾ ਕੋਈ ਵੀ ਵਿਅਕਤੀ ਇਸ ਪਤੇ ਤੇ ਨਹੀ ਰਹਿੰਦਾ ਹੈ ਵਾਪਿਸ ਜਾਵੇ" ਪੜਤਾਲੀਆ ਅਫਸਰ ਵਲੋਂ ਉਸ ਨੂੰ 7 ਦਿਨ ਦੇ ਅੰਦਰ- ਅੰਦਰ ਪੜਤਾਲੀਆ ਅਫਸਰ ਦੀ ਅਦਾਲਤ ਵਿੱਚ ਪੇਸ਼ ਹੋਣ ਦਾ ਮੌਕਾ ਦਿੰਦੇ ਹੋਏ, ਉਸ ਦੇ ਘਰ ਦੇ ਦਰਵਾਜੇ ਤੇ ਫਾਈਨਲ ਨੋਟਿਸ ਨੰ: 219 ਮਿਤੀ: 26-03-2014 ਵੀ ਚਿਪਕਾਇਆ ਗਿਆ। ਪਰ ਕਰਮਚਾਰੀ ਆਪਣਾ ਪੱਖ ਪੇਸ਼ ਕਰਨ ਲਈ ਪੇਸ਼ ਨਹੀ ਹੋਇਆ । ਪੜਤਾਲੀਆ ਅਫਸਰ ਵਲੋ ਅੰਤਿਮ ਪੜਤਾਲ ਰਿਪੋਰਟ ਪੇਸ਼ ਕੀਤੀ ਗਈ ਕਿ " ਦੋਸੀ ਦਾ ਇੰਨਕੁਆਰੀ ਵਿੱਚ ਨਾ ਪੇਸ ਹੋਣਾ ਇਹ ਸਪੱਸ਼ਟ ਕਰਦਾ ਹੈ ਕਿ ਦੋਸੀ ਆਪਣੇ ਪੱਖ ਵਿੱਚ ਕੁਝ ਵੀ ਨਹੀ ਕਹਿਣਾ ਚਾਹੁੰਦਾ ਹੈ ਅਤੇ ਦੋਸੀ ਉੱਤੇ ਲਗਾਏ ਗਏ ਦੋਸਾ ਨੂੰ ਸਿੱਧ ਕਰਦਾ ਹੈ "

ਉਸ (ਕਰਮਚਾਰੀ) ਨੂੰ ਉਪਰੋਕਤ ਪੜਤਾਲ ਰਿਪੋਰਟ ਦੀ ਕਾਪੀ ਇਸ ਦਫਤਰ ਦੇ ਮੀਮੋ ਨੰ: 2496 ਮਿਤੀ: 22-04-2014 ਰਾਹੀ ਭੇਜਦੇ ਹੋਏ ਉਸ ਨੂੰ ਆਪਣੇ ਪੱਖ ਵਿੱਚ ਕੁਝ ਕਹਿਣ ਲਈ 30 ਦਿਨ ਦਾ ਸਮਾ ਦਿੱਤਾ ਗਿਆ। ਪਰ ਇਹ ਰਜਿਸਟਰਡ ਪੱਤਰ ਵੀ ਅਣ ਵੰਡਿਆ ਹੀ ਇਹ ਲਿਖ ਕੇ ਵਾਪਿਸ ਆ ਗਿਆ। " ਕਾਲੋਨੀ ਵਿੱਚ ਇਸ ਨਾਮ ਦਾ ਕੋਈ ਆਦਮੀ ਨਹੀ ਰਹਿੰਦਾ ਵਾਪਿਸ ਕੀਤੀ ਜਾਵੇ "। ਫਿਰ ਉਪਰੋਕਤ ਨੋਟਿਸ ਕਰਮਚਾਰੀ ਦੇ ਕੁਆਟਰ ਦੇ ਬਾਹਰ ਵੀ ਚਿਪਕਾਇਆ ਗਿਆ। ਪਰ ਕਰਮਚਾਰੀ ਫਿਰ ਵੀ ਆਪਣਾ ਪੱਖ ਪੇਸ਼ ਕਰਨ ਲਈ ਦਫਤਰ ਵਿਖੇ ਪੇਸ਼ ਨਹੀ ਹੋਇਆ।ਇੰਨਕੁਆਰੀ ਅਫਸਰ ਵਧੀਕ ਨਿਗਰਾਨ ਇੰਨੀਜੀਅਰ ਪੀ ਤੇ ਐਮ ਮੰਡਲ ਪੱਟੀ ਵਲੋ ਅੰਤਿਮ ਇਨਕੁਆਰੀ ਰਿਪੋਰਟ ਪੇਸ ਕਰਨ ਤੇ ਕਰਮਚਾਰੀ ਨੂੰ ਸੂਚਿਤ ਕਰਨ ਪਬਲਿਕ ਨੋਟਿਸ ਦੇਣ ਸਬੰਧੀ ਇਸ ਦਫਤਰ ਮੀਮੋ ਨੰ: 2723 ਮਿਤੀ 10-4-15 ਨਾਲ ਸੀਨੀਅਰ ਕਾਰਜਕਾਰੀ ਇੰਨੀਜੀਅਰ ਸਿਵਲ ਡਿਜਾਇਨ ਮੰਡਲ ਪੀ ਐਸ ਟੀ ਸੀ ਐਲ ਪਟਿਆਲਾ ਨੂੰ ਲਿਖਿਆ ਗਿਆ ਇਹ ਪਬਲਿਕ ਨੋਟਿਸ ਮਿਤੀ 21-4-15 ਦੀ ਪੰਜਾਬੀ ਦੀ ਅਜੀਤ ਅਤੇ ਅੰਗਰੇਜੀ ਦੀ ਹਿੰਦੋਸਤਾਨ ਟਾਈਮਜ ਅਖਬਾਰ ਵਿੱਚ ਛਪਿਆ ।ਇਸ ਪਬਲਿਕ ਲੋਟਿਸ ਰਾਹੀ ਸ੍ਰੀ ਯਸਕੀਰਤ ਭਾਰਦਵਾਜ ਨੂੰ ਨੋਟਿਸ ਛਪਣ ਦੇ 30 ਦਿਨ ਦੇ ਅੰਦਰ - ਅੰਦਰ ਆਪਣਾ ਪੱਖ ਪੇਸ਼ ਕਰਨ ਲਈ ਨਿਮਨਹਸਤਾਖਰ ਕਰਤਾ ਦੇ ਸਾਹਮਣੇ ਪੇਸ਼ ਹੋਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਦੀਆ ਮਹਿਕਮੇ ਤੋ ਸੇਵਾਵਾ ਖਤਮ ਕਰਨ ਲਈ ਲਿਖਿਆ ਗਿਆ ਪਰ ਯਸਕੀਰਤ ਭਾਰਦਵਾਜ ਫਿਰ ਵੀ ਆਪਣਾ ਪੱਖ ਪੇਸ਼ ਕਰਨ ਲਈ ਮਿੱਥੇ ਸਮੇ ਦੇ ਅੰਦਰ ਦਫਤਰ ਵਿਖੇ ਪੇਸ ਨਹੀ ਹੋਇਆ ।

ਨਿਮਨਹਸਤਾਖਰ ਕਰਤਾ ਵਲੋ ਉਪਰੋਕਤ ਸਾਰੇ ਹਾਲਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੇਸ ਨੂੰ ਘੋਖਿਆ/ ਵਿਚਾਰਿਆ ਗਿਆ ਅਤੇ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਇਹ ਫੈਸਲਾ ਲਿਆ ਕਿ ਕਰਮਚਾਰੀ ਆਪਣੀ ਡਿਊਟੀ ਤੋ ਜਾਣ ਬੁੱਝ ਕੇ ਗੈਰ ਹਾਜਰ ਚਲਿਆ ਆ ਰਿਹਾ ਹੈ , ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਸਬੰਧੀ ਅਤੇ ਆਪਣਾ ਪੱਖ ਪੇਸ਼ ਕਰਨ ਲਈ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਹਰ ਸੰਭਵ ਮੌਕਾ ਦਿੱਤਾ ਗਿਆ ਹੈ । ਪਰ ਕਰਮਚਾਰੀ ਆਪਣੀ ਡਿਊਟੀ ਤੋ ਜਾਣ ਬੁੱਝ ਕੇ ਗੈਰ ਹਾਜਰ ਰਿਹਾ ਹੈ । ਇਸ ਲਈ ਸ੍ਰੀ ਯਸਕੀਰਤ ਭਾਰਦਵਾਜ ਹੇਠਲੀ ਸ਼੍ਰੈਣੀ ਕਲਰਕ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਦੀਆਂ ਸੇਵਾਵਾਂ ਡਿਊਟੀ ਤੋ ਜਾਣ ਬੁੱਝ ਕੇ ਗੈਰ ਹਾਜਰ ਹੋਣ ਦੀ ਮਿਤੀ 03-05-2010 ਤੋ ਬਰਖਾਸਤ / ਡਿਸਮਿਸ ਕੀਤੀਆਂ ਜਾਣ ।

ਇਸ ਦਫਤਰੀ ਹੁਕਮ ਰਾਹੀ ਸ੍ਰੀ ਯਸਕੀਰਤ ਭਾਰਦਵਾਜ ਹੇਠਲੀ ਸ਼੍ਰੈਣੀ ਕਲਰਕ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਜੋ ਕਿ ਪੀ ਤੇ ਐਮ ਮੰਡਲ, ਬੁਟਾਰੀ ਤੋਂ 03-05-2010 ਤੋ ਜਾਣ ਬੁੱਝ ਕੇ ਗੈਰ ਹਾਜਰ ਚਲ ਰਿਹਾ ਹੈ ਦੀਆਂ ਸੇਵਾਵਾਂ ਪੰਜਾਬ ਰਾਜ ਬਿਜਲੀ ਬੋਰਡ ( ਹੁਣ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ) ਦੇ ਸਜ਼ਾ ਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਦੇ ਉਪਨਿਯਮ (IX) ਤਹਿਤ ਮਿਤੀ: 03-05-2010 ਤੋਂ ਬਰਖਾਸਤ (ਡਿਸਮਿਸ) ਕੀਤੀਆ ਜਾਂਦੀਆ ਹਨ ।

-- ਚੱਲਦਾ ਪੰਨਾ - 3--

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ ਜੀ :-

| | | | |
|---|---|---|---|
| 1. | ਨਾਮ ਤੇ ਅਹੁਦਾ | = | ਸ੍ਰੀ ਯਸ਼ਕੀਰਤ ਭਾਰਦਵਾਜ,ਹੇਠਲੀ ਸ੍ਰੈਣੀ ਕਲਰਕ |
| 2. | ਪਿਤਾ ਦਾ ਨਾਮ | = | ਸ੍ਰੀ ਕੇਵਲ ਕ੍ਰਿਸ਼ਨ |
| 3. | ਆਈ.ਡੀ.ਨੰਬਰ | = | 227053 |
| 4. | ਜਨਮ ਮਿਤੀ | = | 15-10-1980 |
| 5. | ਬੋਰਡ ਵਿੱਚ ਭਰਤੀ ਦੀ ਮਿਤੀ | = | 12-07-1999 (A.N) |
| 6. | ਕਰਮਚਾਰੀ ਦਾ ਪਤਾ | - | ਸ੍ਰੀ ਯਸ਼ਕੀਰਤ ਭਾਰਦਵਾਜ,ਹੇਠਲੀ ਸ੍ਰੈਣੀ ਕਲਰਕ 220 ਕੇ ਵੀ ਸ/ਸ ਪਾਵਰ ਕਲੋਨੀ ,ਟਾਈਪ ਬੀ ਕੁਆਟਰ ਪੀ ਐਸ ਟੀ ਸੀ ਐਲ ਬੁਟਾਰੀ ਡਾਕਖਾਨਾ ਖਲਚੀਆ ਜਿਲਾ ਅੰਮ੍ਰਿਤਸਰ । |

ਉਪ ਮੁੱਖ ਇੰਜੀਨੀਅਰ,
ਪੀ ਤੇ ਐਮ ਹਲਕਾ,**PSTCL** ਅੰਮ੍ਰਿਤਸਰ।

ਪਿੱਠ ਅੰਕਣ ਨੰ: 4215/4680 / ਮਿਤੀ: 4-6-15

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ :-

1. ਡੀ.ਜੀ.ਪੀ/ਵੀ ਤੇ ਐਸ ,ਪਟਿਆਲਾ ।
2. ਸਾਰੇ ਇੰਜੀ.-ਇਨ-ਚੀਫ/ਜਨਰਲ ਮੈਨੇਜਰ ਅਤੇ ਮੁੱਖ.ਇੰਜ. ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ ।
3. ਮੁੱਖ ਲੇਖਾ ਅਫਸਰ/ ਮੁੱਖ ਕਾਸਟ ਕੰਟਰੋਲ ਵਿੱਤ/ਮੁੱਖ ਆਡੀਟਰ/ ਮੁੱਖ ਕਾਸਟ ਕੰਟਰੋਲ ਅਤੇ ਰੀਡਕਸ਼ਨ ।
4. ਸਾਰੇ ਉਪ ਮੁੱਖ ਇੰਜ/ਨਿਗਰਾਨ ਇੰਜੀਨੀਅਰ ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ ,।
5. ਸਾਰੇ ਉੱਪ ਮੁੱਖ ਪੜਤਾਲਕਾਰ / ਉੱਪ ਮੁੱਖ ਲੇਖਾ ਅਫਸਰ ਅਤੇ ਲੇਖਾ ਅਫਸਰ ਪੀ.ਐਸ.ਪੀ.ਸੀ.ਐਲ ਪੀ.ਐਸ.ਟੀ.ਸੀ.ਐਲ।
6. ਸਾਰੇ ਵਧੀਕ ਨਿਗ: ਇੰਜ / ਸੀਨੀਅਰ ਕਾਰਜਕਾਰੀ ਇੰਜੀਨੀਅਰ / ਪੀ.ਐਸ.ਟੀ.ਸੀ.ਐਲ. / ਪੀ.ਐਸ.ਪੀ.ਸੀ.ਐਲ ।
7. ਸਾਰੇ ਸਯੁੰਕਤ ਸਕੱਤਰ/ਉਪ ਸਕੱਤਰ /ਅਧੀਨ ਸਕੱਤਰ ਅਤੇ ਸਾਰੀਆ ਬਰਾਚਾਂ ਦੇ ਮੁੱਖੀ ਅਧੀਨ ਸਕੱਤਰੇਤ ਪ੍ਰਸਾਸ਼ਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ / ਪੰਜਾਬ ਸਟੇਟ ਟਰਾਂਸਮਿਸਨ ਕਾਰਪੋਰੇਸ਼ਨ ਲਿਮਟਿਡ।
8. ਸੀਨੀ.ਨਿੱਜੀ ਸਕੱਤਰ ਟੂ ਸੀ.ਐਮ ਡੀ .ਪੀ ਐਸ.ਪੀ .ਸੀ.ਐਲ ਅਤੇ ਪੀ .ਐਸ.ਟੀ.ਸੀ.ਐਲ ।
9. ਸੀਨੀ.ਨਿੱਜੀ ਸਕੱਤਰ ਟੂ ਡਾਇਰੈਕਟਰਜ .ਪੀ ਐਸ.ਪੀ .ਸੀ.ਐਲ ਅਤੇ ਪੀ .ਐਸ.ਟੀ.ਸੀ.ਐਲ ।
10. ਨਿੱਜੀ ਸਕੱਤਰ ਟੂ ਜੀ ਐਮ ਅਤੇ ਉਪ ਮੁੱਖ ਇੰਜੀਨੀਅਰ / ਪ੍ਰਸ਼ੋਨਲ, ਪਟਿਆਲਾ ।
11. ਨਿਗਰਾਨ ਇੰਜੀਨੀਅਰ /ਆਈ ਟੀ ਪੰ.ਰਾ.ਟ.ਕਾ.ਲਿਮ ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਫਤਰੀ ਹੁਕਮ **PSTCL** ਦੀ ਵੈਬਸਾਈਟ ਤੇ ਅੱਪ ਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।
12. ਵਧੀਕ ਨਿਗਰਾਨ ਇੰਨੀਜੀਅਰ ਪੀ ਤੇ ਐਮ ਬੁਟਾਰੀ ਨੂੰ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਨੱਥੀ ਦਫਤਰੀ ਹੁਕਮ ਦੀ ਕਾਪੀ ਸਬੰਧਤ ਕਰਮਚਾਰੀ ਨੂੰ ਸੋਪਕੇ ਉਸਦੀ ਮਿਤੀ ਬੱਧ ਪ੍ਰਾਪਤੀ ਰਸੀਦ ਲੈ ਕੇ ਇਸ ਦਫਤਰ ਨੂੰ ਭੇਜੀ ਜਾਵੇ ਜੇਕਰ ਕਿਸੇ ਕਾਰਨ ਇਹ ਦਫਤਰੀ ਹੁਕਮ ਸਬੰਧਤ ਕਰਮਚਾਰੀ ਨੂੰ ਨਾ ਸੋਪਿਆ ਜਾ ਸਕਦਾ ਹੋਵੇ ਤਾਂ ਆਪਣੇ ਦਫਤਰ ਦਾ ਵਿਸ਼ੇਸ ਦੂਤ ਭੇਜਕੇ ਕਰਮਚਾਰੀ ਦੇ ਪੱਕੇ ਘਰ ਦੇ ਪਤੇ ਤੇ ਉਸਦੇ ਘਰ ਦੇ ਦਰਵਾਜੇ ਤੇ ਚਿਪਕਾਇਆ ਜਾਵੇ ਅਤੇ ਪਿੰਡ ਦੇ ਸਬੰਧਤ ਸਰਪੰਚ ਜਾਂ ਕਿਸੇ ਜਿੰਮੇਵਾਰ ਆਦਮੀ ਦੀ ਹਾਜਰੀ ਵਿੱਚ ਗਵਾਹੀ ਪਾਵਾਈ ਜਾਵੇ । ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਉਸਦਾ ਪੰਨਾ ਨੰ: ਦੱਸਿਆ ਜਾਵੇ ।
13. ਸ੍ਰੀ ਯਸਕੀਰਤ ਭਾਰਦਵਾਜ, ਐਲ.ਡੀ.ਸੀ. 220 ਕੇਵੀ ਸਬ-ਸਟੇਸ਼ਨ ਕਲੋਨੀ ਬੀ-ਟਾਈਪ ਕੁਆਟਰ,ਬੁਟਾਰੀ।

ਨੱਥੀ/ 1 ਨੰ: ਦਫਤਰੀ ਹੁਕਮ ਕ੍ਰਮ ਨੰ: 12 ਲਈ ।

ਉਪ ਮੁੱਖ ਇੰਜੀਨੀਅਰ
ਪੀ ਤੇ ਐਮ ਹਲਕਾ,**PSTCL** ਅੰਮ੍ਰਿਤਸਰ।